4th August, 2000

ਵੰਨ

# ਔਰਤਾਂ ਦੇ ਮਸਲਿਆਂ ਨੂੰ ਉਭਾਰ ਗਿਆ ਢਪਾਲੀ ਦਾ 'ਔਰਤ ਨਾਟਕ ਮੇਲਾ'

## ਕਲਾ ਤੇ ਜ਼ਿੰਦਗੀ

**ਗੁਰਸ਼ਰਨ ਸਿੰਘ**

ਔਰਤ ਮੁਕਤੀ ਲਹਿਰ ਨੂੰ ਮਜ਼ਬੂਤ ਤੇ ਤੇਜ਼ ਕਰਨ ਹਿਤ 22 ਜੁਲਾਈ 2000, ਸ਼ਾਮ ਅੱਠ ਵਜੇ ਤੋਂ ਦੇਰ ਰਾਤ ਤਕ ਪਿੰਡ ਢਪਾਲੀ (ਰਾਮਪੁਰਾ ਫੂਲ) ਵਿਖੇ ਔਰਤਾਂ ਦੇ ਮਸਲਿਆਂ, ਦੁੱਖ ਦਰਦਾਂ, ਜਜ਼ਬਾਤ ਨੂੰ ਜ਼ਬਾਨ ਦਿੰਦਾ 'ਔਰਤ ਨਾਟਕ ਮੇਲਾ' ਲਾਇਆ ਗਿਆ। ਇਹ ਨਾਟਕ ਮੇਲਾ ਪਲਸ ਮੰਚ ਦੇ ਸਰਗਰਮ ਸਹਿਯੋਗ ਨਾਲ ਔਰਤ ਮੁਕਤੀ ਮੋਰਚਾ, ਪੰਜਾਬ, ਜਿਸ ਦੀ ਕਨਵੀਨਰ ਸੁਖਵਿੰਦਰ ਕੌਰ ਹੈ, ਵਲੋਂ ਬੜੇ ਹੀ ਸੁਚੱਜੇ ਅਤੇ ਵਿਉਂਤਬੱਧ ਤਰੀਕੇ ਨਾਲ ਲਾਇਆ ਗਿਆ। ਜਮਹੂਰੀ ਅਧਿਕਾਰ ਸਭਾ ਪੰਜਾਬ ਅਤੇ ਨਾਰੀ ਸੰਗਰਾਮ ਮੰਚ ਨੇ ਵੀ ਸਰਗਰਮ ਸ਼ਿਰਕਤ ਕੀਤੀ। ਕਿਸੇ ਵਿਸ਼ੇ ਨਾਲ ਜੁੜੇ ਨਾਟਕ ਕਰਵਾਉਣੇ ਆਪਣੇ ਆਪ ਵਿਚ ਇਕ ਨਵਾਂ ਤਜਰਬਾ ਸੀ। ਸੱਤ ਹਜ਼ਾਰ ਦੇ ਕਰੀਬ ਦਰਸ਼ਕਾਂ ਨੇ ਜਿਨ੍ਹਾਂ ਵਿਚ ਵੱਡੀ ਗਿਣਤੀ ਔਰਤਾਂ ਦੀ ਸੀ, ਇਸ ਨਾਟਕ ਮੇਲੇ ਵਿਚ ਸ਼ਮੂਲੀਅਤ ਕੀਤੀ। ਚੰਡੀਗੜ੍ਹ ਸਕੂਲ ਆਫ ਡਰਾਮਾ, ਲੋਕ ਕਲਾ ਮੰਚ ਮੁੱਲਾਂਪੁਰ, ਲੋਕ ਸੰਗੀਤ ਮੰਡਲੀ ਭਦੌੜ ਅਤੇ ਲੋਕ ਸੰਗੀਤ ਮੰਡਲੀ ਠੀਕਰੀਵਾਲਾ ਨੇ ਨਾਟਕ ਅਤੇ ਕੋਰੀਓਗਰਾਫੀਆਂ ਪੇਸ਼ ਕੀਤੀਆਂ। ਇਹ ਨਾਟਕ ਮੇਲਾ ਔਰਤਾਂ ਦੀ ਲਹਿਰ ਵਿਚ ਉਸ ਧਾਰਨਾ ਦੀਆਂ ਸਮਰਥਕ ਔਰਤ ਜਥੇਬੰਦੀਆਂ ਵਲੋਂ ਕੀਤਾ ਗਿਆ ਜੋ ਕਿ ਸਮਝਦੀਆਂ ਹਨ ਕਿ ਔਰਤਾਂ ਦੀ ਮੁਕਤੀ ਸਮੁੱਚੀ ਮਿਹਨਤਕਸ਼ ਲੋਕਾਂ ਦੀ ਮੁਕਤੀ ਲਹਿਰ ਦਾ ਇਕ ਅੰਗ ਹੈ। ਇਹਨੂੰ ਨਾਰੀਵਾਲ ਤਕ ਮਹਿਦੂਦ ਰੱਖਣਾ ਸਹੀ ਪਹੁੰਚ ਨਹੀਂ। ਅੱਜ ਤੋਂ ਛੇ ਮਹੀਨੇ ਪਹਿਲਾਂ ਪਲਸ ਮੰਚ ਦੀ ਸੂਬਾ ਕਮੇਟੀ ਨੇ ਇਸ ਗੱਲ ਦਾ ਫੈਸਲਾ ਲਿਆ ਸੀ ਕਿ ਇਸ ਨਾਟਕ ਮੇਲੇ ਦੇ ਪ੍ਰਬੰਧ ਦੀ ਸਾਰੀ ਜ਼ਿੰਮੇਵਾਰੀ ਔਰਤਾਂ ਦੀ ਹੋਵੇਗੀ ਅਤੇ ਪਲਸ ਮੰਚ ਤੇ ਹੋਰ ਜਮਹੂਰੀ ਲਹਿਰ ਦੀਆਂ ਜਥੇਬੰਦੀਆਂ ਉਨ੍ਹਾਂ ਦੀ ਮਦਦ ਕਰਨਗੀਆਂ। ਔਰਤਾਂ ਦੀ ਲਹਿਰ ਦੀਆਂ ਸਰਗਰਮ ਵਰਕਰਾਂ ਨੇ ਦਿਨ ਰਾਤ ਇਕ ਕਰਕੇ ਇਸ ਔਰਤਾਂ ਦੇ ਨਾਟਕ ਮੇਲੇ ਨੂੰ ਸਫਲਤਾ ਦੀਆਂ ਸਿਖਰਾਂ 'ਤੇ ਪੁਚਾਇਆ। ਇਹ ਇਸ ਗੱਲ ਦੀ ਮਿਸਾਲ ਹੈ, ਔਰਤਾਂ ਪ੍ਰਬੰਧਕੀ ਕੰਮਾਂ ਵਿਚ ਪੂਰੀ ਤਰ੍ਹਾਂ ਮਾਹਿਰ ਹਨ। ਉਨ੍ਹਾਂ ਨੇ ਇਸ ਮੇਲੇ ਦਾ ਪ੍ਰਚਾਰ ਘਰ-ਘਰ ਜਾ ਕੇ ਕੀਤਾ। ਔਰਤਾਂ ਨੂੰ ਮੇਲੇ ਵਿਚ ਆਉਣ ਲਈ ਪ੍ਰੇਰਿਆ। ਉਨ੍ਹਾਂ ਦੇ ਦੁੱਖਾਂ-ਸੁੱਖਾਂ ਨੂੰ ਸਾਂਝਿਆਂ ਕੀਤਾ। ਇਲਾਕੇ ਭਰ ਵਿਚ ਵੱਡਾ ਇਸ਼ਤਿਹਾਰ ਆਪ ਆਪਣੇ ਹੱਥਾਂ ਨਾਲ ਕੰਧਾਂ 'ਤੇ ਚਿਪਕਾਇਆ। ਇਹੋ ਕਾਰਨ ਸੀ ਕਿ ਔਰਤਾਂ ਇਸ ਮੇਲੇ 'ਚ ਵਹੀਰਾਂ ਬਣਾ ਕੇ ਨਾਲ ਦੇ ਪਿੰਡਾਂ ਵਿਚੋਂ ਟਰੈਕਟਰ-ਟਰਾਲੀਆਂ 'ਤੇ ਆਈਆਂ। ਨਾਟਕਾਂ ਅਤੇ ਕੋਰੀਓਗਰਾਫੀਆਂ ਦੇ ਸੰਦਰਭ ਵਿਚ ਉਨ੍ਹਾਂ ਦੇ ਵਿਸ਼ੇ ਅਤੇ ਪੇਸ਼ਕਾਰੀ ਦੀ ਗੱਲ ਕਰਨੀ ਪੈਂਦੀ ਹੈ। ਪੰਜਾਬ ਦੀ ਨਾਟਕ ਲਹਿਰ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਥੇ ਆਧੁਨਿਕ ਸੋਚ ਦੇ ਪੇਂਡੂ ਨਾਟਕ ਵੱਡੀ ਪੱਧਰ 'ਤੇ ਕੀਤੇ ਜਾਂਦੇ ਹਨ। ਇਨ੍ਹਾਂ ਨਾਟਕਾਂ ਵਿਚ ਝਨਾਂ ਦੇ ਪਾਣੀ (ਅਜਮੇਰ ਸਿੰਘ ਔਲਖ), ਜਦੋਂ ਮੈਂ ਸਿਰਫ ਔਰਤ ਹੁੰਦੀ ਹਾਂ (ਪਾਲੀ ਭੁਪਿੰਦਰ), ਮਿੱਟੀ ਰੁਦਨ ਕਰੇ (ਬਲਦੇਵ ਸਿੰਘ ਮੋਗਾ), ਬੇਗਮੋ ਦੀ ਧੀ ਅਤੇ ਹੁਣ ਮੈਂ ਇਹ ਨਹੀਂ ਹੋਣ ਦਿਆਂਗੀ (ਮੇਰੇ ਆਪਣੇ ਨਾਟਕ) ਔਰਤਾਂ ਦੇ ਮਸਲਿਆਂ ਬਾਰੇ ਮਕਬੂਲ ਨਾਟਕ ਹਨ। ਧੀ ਦੀ ਪੁਕਾਰ ਅਤੇ ਕੁੜੀਆਂ ਤੇ ਕੁੜੀਆਂ ਕੋਰੀਓਗਰਾਫੀਆਂ ਵੀ ਅਵਾਮੀ ਸਟੇਜਾਂ 'ਤੇ ਸਫਲਤਾ ਨਾਲ ਪੇਸ਼ ਹੁੰਦੀਆਂ ਹਨ। ਔਰਤ ਮੇਲੇ ਵਿਚ ਇਨ੍ਹਾਂ ਵਿਚੋਂ ਹੀ ਚਾਰ ਨਾਟਕ ਅਤੇ ਕੋਰੀਓਗਰਾਫੀਆਂ ਕੀਤੀਆਂ ਗਈਆਂ। ਇਨ੍ਹਾਂ ਬਾਰੇ ਵਿਚਾਰ ਕਰਨਾ ਬਣਦਾ ਹੈ।

ਕੋਰੀਓਗਰਾਫੀ 'ਧੀ ਦੀ ਪੁਕਾਰ' ਮੁੱਲਾਂਪੁਰ ਦੇ ਕਲਾਕਾਰਾਂ ਵਲੋਂ ਕੀਤੀ ਗਈ। ਇਹ ਹਰਭਜਨ ਮਾਨ ਦੇ ਗੀਤ 'ਤੇ ਆਧਾਰਤ ਹੈ ਕਿ ਕਿਸ ਤਰ੍ਹਾਂ ਇਕ ਬਾਬੁਲ ਦੀ ਧੀ ਸਹੁਰੇ ਘਰ ਤੰਗ ਕੀਤੀ ਜਾਂਦੀ ਹੈ। ਇਹ ਕੋਰੀਓਗਰਾਫੀ ਪਹਿਲਾਂ ਪਹਿਲ ਚਮਕੌਰ ਸਾਹਿਬ ਦੇ ਚੇਤਨਾ ਮੰਚ ਵਲੋਂ ਡਿਜ਼ਾਇਨ ਕੀਤੀ ਗਈ ਸੀ। ਹੁਣ ਇਸ ਨੂੰ ਹੋਰ ਗਰੁੱਪ ਵੀ ਕਰਦੇ ਹਨ। ਇਸ ਕੋਰੀਓਗਰਾਫੀ ਦਾ ਸਿਖਰ ਹੈ ਜਦੋਂ ਧੀ ਦੇ ਬਾਪ ਦੀ ਪੱਗ ਉਛਾਲੀ ਜਾਂਦੀ ਹੈ। ਸਟੇਜ ਸਕੱਤਰ ਦੀ ਇਸ ਮੌਕੇ 'ਤੇ ਇਹ ਟਿੱਪਣੀ ਸਹੀ ਸੀ ਕਿ ਧੀ ਹੁਣ ਆਪਣੇ ਪਿਤਾ ਦਾ ਅਪਮਾਨ ਚੁੱਪ ਚਪੀਤੇ ਨਾ ਬਰਦਾਸ਼ਤ ਕਰੇ ਸਗੋਂ ਅਪਮਾਨ ਕਰਨ ਵਾਲਿਆਂ ਵਿਚੋਂ ਇਕ ਦੀ ਡਾਂਗ ਖੋਹ ਕੇ ਸੰਕੇਤਾਮਕ ਬਗਾਵਤ ਦਾ ਸੁਨੇਹਾ ਦੇਵੇ। ਇਹ ਅੱਜ ਸਮੇਂ ਦੀ ਲੋੜ ਹੈ। ਔਰਤਾਂ ਦੀਆਂ ਪ੍ਰਚਲਤ ਕੋਰੀਓਗਰਾਫੀਆਂ ਵਿਚੋਂ ਅਮਰਦੀਪ ਗਿੱਲ ਦੇ ਗੀਤ 'ਕੁੜੀਆਂ ਤਾਂ ਕੁੜੀਆਂ, ਕੁੜੀਆਂ ਦਾ ਕੀ ਐ? ਕੁੜੀਆਂ ਤਾਂ ਚਿੜੀਆਂ, ਚਿੜੀਆਂ ਦਾ ਕੀ ਐ?' ਦਾ ਹਮੇਸ਼ਾ ਜ਼ਿਕਰ ਆਵੇਗਾ। ਇਹ ਕੋਰੀਓਗਰਾਫੀ ਜੋ ਹੰਸ ਰਾਜ ਦੇ ਗਾਏ ਗੀਤ 'ਤੇ ਆਧਾਰਤ ਸੀ, ਕੁਮਾਰ ਪਵਨਦੀਪ ਵਲੋਂ ਤਿਆਰ ਕਰਵਾਈ ਗਈ ਸੀ। ਇਸ ਨੂੰ ਪਹਿਲੀ ਪੇਸ਼ਕਾਰੀ ਵੇਲੇ ਜਿਸ ਸ਼ਿੱਦਤ ਨਾਲ ਅਨੀਤਾ ਨੇ ਪੇਸ਼ ਕੀਤਾ ਸੀ ਤੇ ਉਹ ਇਕ ਨਾ ਭੁੱਲਣ ਵਾਲੀ ਪੇਸ਼ਕਾਰੀ ਸੀ। ਗੀਤ ਦੇ ਬੋਲ ਜਦੋਂ ਇਸ ਪੜਾਅ 'ਤੇ ਪੁੱਜਦੇ ਹਨ 'ਬਲੀ ਦਹੇਜ ਦੀ ਚੜ੍ਹੀਆਂ ਨੇ ਕੁੜੀਆਂ, ਇਕ ਨਹੀਂ ਇਥੇ ਬੜੀਆਂ ਨੇ ਕੁੜੀਆਂ, ਆਪਣੇ ਸਿਰ ਦਿਆਂ ਸਾਈਆਂ ਦੇ ਹੱਥੋਂ, ਵਿਚ ਤੰਦੂਰ ਦੇ ਸੜੀਆਂ ਨੇ ਕੁੜੀਆਂ।' ਕੋਰੀਓਗਰਾਫੀਆਂ ਦੇ ਇਤਿਹਾਸ ਵਿਚ ਜਿਥੇ 'ਮੈਂ ਧਰਤੀ ਪੰਜਾਬ ਦੀ, ਵਸਦੀ ਉਜੜ ਗਈ' (ਤ੍ਰਲੋਚਨ ਵਲੋਂ ਡਿਜ਼ਾਇਨ ਕੀਤੀ) ਇਕ ਯਾਦਗਾਰੀ ਰਚਨਾ ਸੀ, ਇਥੇ ਇਹ ਵੀ ਰਚਨਾ ਯਾਦਗਾਰੀ ਸੀ। 'ਧੀ ਦੀ ਪੁਕਾਰ' ਕੋਰੀਓਗਰਾਫੀ ਕਲਾ ਦੀ ਸ਼ਾਨਦਾਰ ਰਵਾਇਤ ਨੂੰ ਕਾਇਮ ਰਖਦੀ ਸੀ।

ਇਸੇ ਗਰੁੱਪ ਵਲੋਂ ਪੇਸ਼ ਕੀਤਾ ਅਜਮੇਰ ਸਿੰਘ ਔਲਖ ਦਾ ਨਾਟਕ 'ਝਨਾਂ ਦੇ ਪਾਣੀ' ਇਕ ਖਾਸ ਖਿੱਚ ਰੱਖਦਾ ਸੀ। ਔਲਖ ਵਲੋਂ ਇਹ ਨਾਟਕ ਪਹਿਲੀ ਨਵੰਬਰ 1996 ਨੂੰ ਗਦਰੀ ਬਾਬਿਆਂ ਦੇ ਮੇਲੇ 'ਤੇ ਕੀਤਾ ਗਿਆ ਸੀ। ਇਸ ਦਾ ਵਿਸ਼ਾ ਇਕ ਗਰੀਬ ਬੁੜ੍ਹੇ ਬੰਦੇ ਵਲੋਂ ਮੁੱਲ ਦੀ ਤੀਵੀਂ ਲਿਆਉਣਾ ਹੈ। ਉਹ ਇਹ ਤੀਵੀਂ ਲਿਆਉਂਦਾ ਹੈ। ਇਹ ਉਸ ਦੇ ਸਰੀਰ ਦੀ ਭੁੱਖ ਹੈ, ਇਹ ਉਸ ਦੀ ਮਜਬੂਰੀ ਹੈ ਪਰ ਉਹ ਤੀਵੀਂ ਜਦੋਂ ਉਹਨੂੰ ਪਿਆਰ ਦਿੰਦੀ ਹੈ, ਉਹਦੇ ਲਈ ਇਕ ਬੱਚੀ ਨੂੰ ਜਨਮ ਦਿੰਦੀ ਹੈ ਤਾਂ ਉਹ ਉਸ ਨੂੰ ਅੱਗੇ ਵੇਚਣ ਲਈ ਮਜਬੂਰ ਹੁੰਦਾ ਹੈ। ਭੰਤਾ ਭੇਡਾਂ ਵਾਲਾ ਅਤੇ ਗੰਗੋਤਰੀ ਦੀ ਇਹ ਕਹਾਣੀ ਔਰਤ ਦੀ ਤ੍ਰਾਸਦੀ ਦੀ ਇਕ ਅਮਰ ਰਚਨਾ ਹੈ। ਔਰਤਾਂ ਦੇ ਮੇਲੇ ਲਈ ਇਸ ਨਾਟਕ ਦੀ ਚੋਣ ਮੇਲੇ ਦੇ ਅਨੁਕੂਲ ਸੀ।

'ਬੇਗਮੋ ਦੀ ਧੀ' ਜਿਹੜਾ ਠੀਕਰੀਵਾਲਾ ਦੇ ਗਰੁੱਪ ਵਲੋਂ ਪੇਸ਼ ਕੀਤਾ ਗਿਆ, ਇਕ ਸਕੂਲ ਮਾਸਟਰਨੀ ਦੀ ਕਹਾਣੀ ਹੈ, ਜੋ ਆਪਣੇ ਤੇ ਆਪਣੀ ਮਾਂ ਉਤੇ ਹੋਏ ਜ਼ੁਲਮ ਦਾ ਬਦਲਾ ਪਿੰਡ ਦੇ ਵੈਲੀ ਬਦਮਾਸ਼ ਕੋਲੋਂ ਲੈਂਦੀ ਹੈ। 'ਮੈਂ ਇਹ ਨਹੀਂ ਹੋਣ ਦਿਆਂਗੀ' ਇਕ ਮਾਂ ਦੇ ਇਰਾਦੇ ਦੀ ਕਹਾਣੀ ਹੈ ਜੋ ਆਪਣੇ ਪੁੱਤਰ ਨੂੰ ਨਸ਼ਿਆਂ ਦੇ ਰਾਹ ਤੋਂ ਮੋੜਦੀ ਹੈ। ਇਨ੍ਹਾਂ ਨਾਟਕਾਂ ਤੋਂ ਇਲਾਵਾ ਭਦੌੜ ਦੀ ਸੰਗੀਤ ਮੰਡਲੀ ਵਲੋਂ ਪੇਸ਼ ਕੀਤਾ ਗਿਆ ਗੀਤ 'ਮੈਂ ਔਰਤ ਜੱਗ ਦੀ ਜਣਨੀ' ਮੇਲੇ ਦੀ ਇਕ ਹੋਰ ਯਾਦਗਾਰੀ ਰਚਨਾ ਸੀ। ਇਸ ਸਮਾਗਮ ਵਿਚ ਨਾਟਕਾਂ ਤੇ ਕੋਰੀਓਗਰਾਫੀਆਂ ਦੇ ਦਰਮਿਆਨ ਇਸਤਰੀ ਲਹਿਰ ਨਾਲ ਜੁੜੀਆਂ ਸੁਖਵਿੰਦਰ ਕੌਰ ਅਤੇ ਮੁਖਤਿਆਰ ਕੌਰ ਨੇ ਆਪਣੇ ਵਿਚਾਰ ਬੜੀ ਸਪਸ਼ਟਤਾ ਨਾਲ ਦੱਸੇ ਅਤੇ ਔਰਤਾਂ ਨੂੰ ਪ੍ਰੇਰਿਆ ਕਿ ਉਨ੍ਹਾਂ ਦੇ ਦੁੱਖ ਦਰਦ ਸਿਰਫ ਰੁਦਨ ਨਾਲ ਨਹੀਂ ਮੁੱਕਣੇ, ਉਨ੍ਹਾਂ ਨੂੰ ਸੰਘਰਸ਼ਾਂ ਦੇ ਰਾਹ 'ਤੇ ਚਲਣਾ ਪਏਗਾ। ਹੋਰ ਜੁਝਾਰੂ ਲੋਕਾਂ ਦੇ ਨਾਲ ਮੋਢੇ ਨਾਲ ਮੋਢਾ ਜੋੜਨਾ ਪਏਗਾ। ਔਰਤ ਮੁਕਤੀ ਦਾ ਇਹ ਇਕੋ ਤੇ ਇਕੋ ਰਾਹ ਹੈ। ਇਹੀ ਕਿਹਾ ਜਾ ਸਕਦਾ ਹੈ ਕਿ ਆਪਣੇ ਆਪ ਵਿਚ ਇਹ ਇਕ ਮਿਸਾਲੀ ਸਮਾਗਮ ਸੀ।